ਮੁਖਵਾਕ ਨੰਬਰ ੭੮ [ਆਦਿ ਅੰਗ ੬੫੫]

***ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥ ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥ ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥ ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥ ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥***

ਇਹ ਅੰਮ੍ਰਿਤ ਬਚਨ ਭਗਤ ਕਬੀਰ ਜੀ ਦੀ ਰਸਨਾਂ ਤੋਂ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੬੫੫ ਅੰਗ ਤੇ ਅੰਕਿਤ ਹੈ। ਬਾਣੀ ਵਿੱਚ ਕਿਤੇ ਭੀ ਗਿਆਨ ਵਾਸਤੇ ਪੜ੍ਹਨ ਦਾ ਖੰਡਨ ਨਹੀਂ ਕੀਤਾ ਗਿਆ ਜੋ ਸੰਸਾਰੀ ਪਦਾਰਥਾਂ ਵਿੱਚ ਪ੍ਰਵਿਰਤ ਹੋਣ ਲਈ ਪੜ੍ਹਨਾ ਹੈ ਉਸ ਦਾ ਖੰਡਨ ਹੈ। ਉਹ ਪੜ੍ਹਨਾ ਸੰਸਾਰ ਦੇ ਆਮ ਜੋ ਨਾਨ੍ਹਾ ਪ੍ਰਕਾਰ ਦੇ ਕਿੱਤੇ ਹਨ ਦੀ ਨਿਆਈਂ ਇਕ ਕਿੱਤਾ ਬਣ ਜਾਵੇਗਾ। ਇਹੀ ਹਾਲ ਬ੍ਰਾਹਮਣਾਂ ਦਾ ਸੀ ਜੋ ਕੇਵਲ ਉਪਜੀਵਕਾ ਲਈ ਹੀ ਵਿਦਿਆ ਪੜ੍ਹਦੇ ਸਨ। ਆਤਮ ਗਿਆਨ ਪ੍ਰਾਪਤ ਕਰਨ ਦੀ ਗੱਲ ਬਿਲਕੁਲ ਹੀ ਭੁੱਲ ਚੁੱਕੇ ਸਨ। ਐਸਾ ਹੀ ਇਕ ਬ੍ਰਾਹਮਣ ਕਬੀਰ ਸਾਹਿਬ ਨੂੰ ਮਿਲਿਆ ਤੇ ਨਾਮ ਅਭਿਆਸ ਦਾ ਖੰਡਨ ਕਰਦੇ ਹੋਏ ਕਹਿਣ ਲੱਗਾ, ਕਿ ਕੇਵਲ ਵਿਦਿਆ ਅਭਿਆਸ ਹੀ ਕਰਨਾ ਚਾਹੀਦਾ ਹੈ ਤੁਸੀਂ ਬੇਦ ਵਿਦਿਆ ਨਹੀਂ ਪੜ੍ਹੇ ਇਸ ਕਰਕੇ ਤੁਹਾਡਾ ਉਪਦੇਸ਼ ਸੰਪੂਰਨ ਨਹੀਂ ਹੈ ਕੁਝ ਗੱਲਾਂ ਸੁਭਾਵਕ ਹੀ ਠੀਕ ਹੋ ਜਾਂਦੀਆਂ ਹਨ ਜਿਸ ਤਰ੍ਹਾਂ ਘੁਣ ਕੀੜਾ ਲਕੜੀ ਵਿੱਚ ਛੇਕ ਕਰਦਾ ਹੈ ਤਾਂ ਕਈ ਵਾਰੀ ਅੱਖਰਾਂ ਦੀ ਸ਼ਕਲ ਬਣ ਜਾਂਦੀ ਹੈ ਇਹੀ ਹਾਲ ਤੁਹਾਡਾ ਹੈ ਇਸ ਲਈ ਤੁਹਾਡੇ ਉਪਦੇਸ਼ ਨੂੰ ਵਿਦਵਾਨ ਪੁਰਸ਼ ਅੰਗੀਕਾਰ ਨਹੀਂ ਕਰਦੇ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਨਾਮ ਅਭਿਆਸ ਛੱਡ ਕੇ ਬੇਦ ਵਿਦਿਆ ਦਾ ਅਧਿਐਨ ਕਰੋ ਤਾਂ ਕਬੀਰ ਸਾਹਿਬ ਨੇ ਬ੍ਰਾਹਮਣ ਦੀ ਅਜਿਹੀ ਗੱਲ ਸੁਣ ਕੇ ਭੁੱਲੇ ਹੋਏ ਨੂੰ ਸਹੀ ਮਾਰਗ ਦਿਖਾਉਣ ਵਾਸਤੇ ਇਹ ਸ਼ਬਦ ਉਚਾਰਨ ਕੀਤਾ :—

## ਕਿਆ ਪੜੀਐ ਕਿਆ ਗੁਨੀਐ ॥

ਆਪਣੇ ਸੰਸਾਰਕ ਕੰਮ ਸਵਾਰਨ ਲਈ ਗ੍ਰੰਥਾਂ ਦੇ ਪੜ੍ਹਨ ਦਾ ਕੀ ਲਾਭ ਹੈ ਅਤੇ ਗੁਨੀਐ=ਵਿਚਾਰਨ ਦਾ ਕੀ ਲਾਭ ਹੈ ? ਅਥਵਾ :—ਕੀ ਸਾਖ, ਸ਼ਾਸ਼ਤ੍ਰ ਅਨੀਸ਼ਰ ਵਾਦੀ ਦਾ ਪੜ੍ਹਨਾ ਅਤੇ ਕੀ ਕਾਲ ਵਾਦੀ ਵਿਸ਼ੇਖਕ ਦੇ ਅਰਥਾਂ ਦਾ ਵਿਚਾਰਨਾ ਹੈ ?

## ਕਿਆ ਬੇਦ ਪੁਰਾਨਾਂ ਸੁਨੀਐ ॥

ਬੇਦਾਂ ਅਤੇ ਪੁਰਾਣਾਂ ਨੂੰ ਸੁਨਣ ਨਾਲ ਕੀ ਪ੍ਰਾਪਤ ਹੋਵੇਗਾ ?

## ਪੜੇ ਸੁਨੇ ਕਿਆ ਹੋਈ ॥

ਬੇਦ ਵਿਦਿਆ ਪੜ੍ਹਨ ਅਤੇ ਸੁਨਣ ਨਾਲ ਕੀ ਹੋ ਜਾਵੇਗਾ ?

## ਜਉ ਸਹਜ ਨ ਮਿਲਿਓ ਸੋਈ ॥੧॥

ਜਦੋਂ ਸੋਈ=ਉਸ ਪ੍ਰਮੇਸ਼ਰ ਦਾ ਸਹਜ=ਗਿਆਨ ਹੀ ਪ੍ਰਾਪਤ ਨਹੀਂ ਹੋਇਆ ਅਥਵਾ ਜਦੋਂ ਸੋਈ=ਉਹ ਸਹਜ=ਗਿਆਨ ਸਰੂਪ ਪ੍ਰਮਾਤਮਾ ਹੀ ਨਹੀਂ ਮਿਲਿਆ। ਬ੍ਰਹਮ ਵਿਦਿਆ ਦੀ ਮਦਦ ਨਾਲ ਬ੍ਰਹਮ ਦੀ ਪ੍ਰਾਪਤੀ ਕਰਨੀ ਸੀ। ਜਦੋਂ ਬ੍ਰਹਮ ਦੀ ਪ੍ਰਾਪਤੀ ਤਿਆਗ ਕੇ ਮਾਇਆ ਦੀ ਪ੍ਰਾਪਤੀ ਕਰਨੀ ਆਰੰਭ ਕਰ ਦਿੱਤੀ ਫੇਰ ਸਤ

PDF created with pdfFactory Pro trial version www.pdffactory.com

ਪੁਰਸ਼ਾਂ ਨੂੰ ਅਜਿਹੇ ਪੜ੍ਹਨੇ ਦਾ ਖੰਡਨ ਕਰਨਾ ਪਿਆ ਜੈਸਾ ਕਿ ਕੋਈ ਵਾਹੇ ਖੋਤੀ, ਕੋਈ ਵਾਹੇ ਪੋਥੀ। ਫਿਰ ਅਜਿਹੀ ਪੜ੍ਹਾਈ ਪੜ੍ਹਨ ਵਾਲੇ ਪੰਡਤ ਨੂੰ ਗੁਰਬਾਣੀ ਵਿੱਚ ਮੂਰਖ ਦਾ ਦਰਜਾ ਦਿੱਤਾ ਗਿਆ ਹੈ।

ਯਥਾ— **ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥** [ਵਾਰ ਮਾਝ ਮਹਲਾ ੧, ਅੰਗ ੧੪੦]

ਪੜ੍ਹਨਾਂ ਤਾਂ ਸੀ ਮੁਕਤ ਹੋਣ ਵਾਸਤੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਸਤੇ ਪਰ ਇਹ ਪੜ੍ਹਨਾ ਹੀ ਬੰਧਨ ਰੂਪ ਹੋ ਗਿਆ।

ਯਥਾ— **੧. ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥** [ਵਾਰ ਆਸਾ ਮਹਲਾ ੧, ਅੰਗ ੪੬੭]

**੨. ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥**
[ਵਾਰ ਆਸਾ ਮਹਲਾ ੧, ਅੰਗ ੪੬੯]

**੩. ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**

... ... ...

**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥**
[ਵਾਰ ਆਸਾ ਮਹਲਾ ੧, ਅੰਗ ੪੬੭]

**੪. ਪੜਿ ਪੜਿ ਥਾਕੇ ਸਾਂਤਿ ਨ ਆਈ॥ ਤ੍ਰਿਸਨਾ ਜਾਲੇ ਸੁਧਿ ਨ ਕਾਈ॥**
[ਮਾਝ ਮਹਲਾ ੩, ਅੰਗ ੧੨੦]

**੫. ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥ ਨਾਮੁ ਨ ਬੂਝਹਿ ਭਰਮਿ ਭੁਲਾਨਾ॥**
[ਮਾਰੂ ਮਹਲਾ ੧, ਅੰਗ ੧੦੩੨]

**੬. ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥**
**ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥** [ਵਾਰ ਸੋਰਠਿ ਮਹਲਾ ੩, ਅੰਗ ੬੫੦]

ਇਥੇ ਇਨ੍ਹਾਂ ਪ੍ਰਮਾਣਾਂ ਤੋਂ ਇਹ ਭਾਵ ਬਿਲਕੁਲ ਨਹੀਂ ਹੈ ਕਿ ਵਿਦਿਆ ਨਹੀਂ ਪੜ੍ਹਨੀ ਚਾਹੀਦੀ ਵਿਦਿਆ ਪੜ੍ਹਨ ਦੀ ਪ੍ਰੇਰਨਾ ਕਰਦੇ ਹੋਏ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਵਿਦਿਆ ਨੂੰ ਪੜ੍ਹ ਕੇ ਪਰਉਪਕਾਰ ਕਰਨਾ ਚਾਹੀਦਾ ਹੈ ਕਿਉਂਕਿ ਪਰਉਪਕਾਰ ਕਰਨ ਨਾਲ ਪੜ੍ਹੀ ਹੋਈ ਵਿਦਿਆ ਸਫਲੀ ਹੋਵੇਗੀ।

ਯਥਾ— **ਵਿਦਿਆ ਵੀਚਾਰੀ ਤਾਂ ਪਰਉਪਕਾਰੀ॥** [ਆਸਾ ਮਹਲਾ ੧, ਅੰਗ ੩੫੬]

ਇਸੇ ਲਈ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਪਿਆਰੇ ਸਿੱਖਾਂ ਨੂੰ ਗੁਰਮਤਿ ਦੀ ਵਿਦਿਆ ਤੋਂ ਇਲਾਵਾ ਅਨ-ਮਤਾਂ ਦੀ ਵਿਦਿਆ ਪੜ੍ਹਨ ਲਈ ਕਾਂਸ਼ੀ ਭੇਜਿਆ। ਪੰਜ ਸਿੱਖਾਂ ਨੇ ਕਾਂਸ਼ੀ ਤੋਂ ਵਿਦਿਆ ਪ੍ਰਾਪਤ ਕਰਕੇ ਪੰਥ ਖਾਲਸੇ ਵਿੱਚ ਵਿਦਿਆ ਦਾ ਪ੍ਰਚਾਰ ਕੀਤਾ ਉਥੋਂ ਨਿਰਮਲ ਸੰਪ੍ਰਦਾ ਦਾ ਨਿਰਮਾਣ ਹੋਇਆ। ਜੇ ਵਿਦਿਆ ਦਾ ਬਿਲਕੁਲ ਹੀ ਖੰਡਨ ਹੁੰਦਾ ਤਾਂ ਗੁਰੂ ਸਾਹਿਬ ਜੀ ਦੂਜੇ ਮੱਤਾਂ ਦੀ ਵਿਦਿਆ ਪੜ੍ਹਨ ਲਈ ਸਿੱਖਾਂ ਨੂੰ ਉਤਸ਼ਾਹਤ ਨਾ ਕਰਦੇ। ਬਲਕਿ ਸਤਿਗੁਰੂ ਜੀ ਨੇ ਵਿਦਿਆ ਲਈ ਐਸਾ ਫੁਰਮਾਨ ਕੀਤਾ ਹੈ।

ਯਥਾ— **ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥** [ਪ੍ਰਭਾਤੀ ਮਹਲਾ ੧, ਅੰਗ ੧੩੨੯]

ਗੁਰੂ ਦੀ ਕ੍ਰਿਪਾ ਦੁਆਰਾ ਬ੍ਰਹਮ ਵਿਦਿਆ ਨੂੰ ਪੜ੍ਹ-ਪੜ੍ਹ ਵਿਚਾਰੇ, ਭਾਵ ਪੁਨਾ-ਪੁਨਾ ਅਭਿਆਸ ਕਰੇ ਆਪਣੇ ਆਪੇ ਦੀ ਪ੍ਰਾਪਤੀ ਲਈ ਆਤਮਕ ਦਰਸੀ ਹੋ ਕੇ ਲੋਕ ਪ੍ਰਲੋਕ ਵਿੱਚ ਮਾਨ=ਇੱਜ਼ਤ ਪ੍ਰਾਪਤ ਕਰੇ। ਫਰੀਦ ਸਾਹਿਬ ਦੇ ਮੁਰਸ਼ਦ ਨੇ ਫਰੀਦ ਸਾਹਿਬ ਨੂੰ ਇਕ ਗੱਲ ਪੁੱਛੀ ਸੀ ਕਿ ਫਰੀਦਾ! ਕੁਝ ਇਲਮ ਪੜ੍ਹਿਆ ਹੈਂ? ਤਾਂ ਫਰੀਦ ਸਾਹਿਬ ਨੇ ਉੱਤਰ ਦਿੱਤਾ ਕਿ ਮਹਾਰਾਜ! ਇਲਮ ਕੀ ਪੜ੍ਹਨਾ ਸੀ ਮੈਂ ਤਾਂ ੩੬ ਸਾਲ ਜੰਗਲਾਂ ਵਿੱਚ ਕਰੜੀ ਤਪੱਸਿਆ

PDF created with pdfFactory Pro trial version www.pdffactory.com

ਕਰਦਿਆਂ ਗੁਜ਼ਾਰ ਦਿੱਤੇ; ਹੁਣ ਤੁਹਾਡੀ ਸ਼ਰਣ ਵਿੱਚ ਆਇਆ ਹਾਂ ਸ਼ੁਭ ਉਪਦੇਸ਼ ਬਖਸ਼ੋ। ਤਾਂ ਮੁਰਸ਼ਦ ਨੇ ਵਿਦਿਆ ਦੀ ਮਹਾਨਤਾ ਪ੍ਰਗਟਾਉਂਦਿਆਂ ਕਿਹਾ ਕਿ ਫਕੀਰ ਨੂੰ ਅਨਪੜ੍ਹ ਨਹੀਂ ਰਹਿਣਾ ਚਾਹੀਦਾ ਅਨਪੜ੍ਹ ਫਕੀਰ ਪਖੰਡ ਦੇ ਚਿੱਕੜ ਵਿੱਚ ਫਸਿਆ ਜਲਦੀ ਨਿਕਲ ਨਹੀਂ ਸਕਦਾ। ਕਈ ਸਮਾਜਿਕ ਬੁਰਾਈਆਂ ਪਖੰਡੀ ਲੋਕਾਂ ਕੋਲੋਂ ਪੈਦਾ ਹੁੰਦੀਆਂ ਹਨ। ਅਨਪੜ੍ਹ ਫਕੀਰ ਸ਼ੈਤਾਨ ਦੀ ਨਾਨੀ ਹੋਇਆ ਕਰਦੀ ਹੈ। ਇਸ ਲਈ ਤੈਨੂੰ ਇਲਮ ਪੜ੍ਹਨਾ ਚਾਹੀਦਾ ਹੈ। ਤਾਂ ਫਰੀਦ ਨੇ ਮੁਰਸ਼ਦ ਪਾਸੋਂ ਇਲਮ ਪੜ੍ਹਿਆ ਤੇ ਉਸ ਤੇ ਅਮਲ ਕੀਤਾ ਕਿਉਂਕਿ ਅਮਲ ਤੋਂ ਬਿਨਾਂ ਇਲਮ ਕਿਸੇ ਅਰਥ ਨਹੀਂ। ਅਮਲ ਦੇ ਸਹਿਤ ਇਲਮ ਪ੍ਰਮਾਰਥੀ ਜ਼ਿੰਦਗੀ ਵਿੱਚ ਇਕ ਵਫ਼ਾਦਾਰ ਮਿਤ੍ਰ ਦੀ ਨਿਆਈਂ ਮਦਦ ਕਰਦਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਮਦਮਾ ਸਾਹਿਬ ਵਿਖੇ ਬ੍ਰਹਮ ਵਿਦਿਆ ਦਾ ਖ਼ਜ਼ਾਨਾ ਆਪਣੇ ਖ਼ਾਲਸੇ ਨੂੰ ਸੌਂਪਦਿਆਂ ਉਸ ਧਰਤੀ ਨੂੰ ਵਰ ਦਿੱਤੇ ਤੇ ਆਪਣੀ ਕਾਂਸ਼ੀ ਹੋਣ ਦਾ ਮਾਣ ਬਖ਼ਸ਼ਿਆ॥ ੧੯ ਤੋਂ ਲੈ ਕੇ "ਅਠਾਰਹ ਦਸ ਬੀਸ ਤੱਕ" ਬ੍ਰਹਮ ਬਾਣੀ ਦੀ ਵਿਦਿਆ ਵਿਆਖਿਆ ਸਾਹਿਤ ਪੜ੍ਹਾਕੇ ਖਾਲਸੇ ਵਿਚ ਵਿਦਿਆ ਦੀ ਟਕਸਾਲ ਤੋਰੀ। ਵਿਦਿਆ ਇਕ ਸ੍ਵਾਂਤੀ ਬੂੰਦ ਹੈ ਜੋ ਅਧਿਕਾਰੀ ਅਤੇ ਅਨਅਧਿਕਾਰੀ ਨੂੰ ਵੱਖਰਾ-ਵੱਖਰਾ ਫਲ ਦਿੰਦੀ ਹੈ। ਸ੍ਵਾਂਤੀ ਬੂੰਦ ਜੇ ਕੇਲੇ ਤੇ ਪੈ ਜਾਵੈ ਤਾਂ ਕਪੂਰ ਪੈਦਾ ਹੁੰਦਾ ਹੈ, ਸਿਪ ਤੇ ਪੈਣ ਨਾਲ ਮੋਤੀ ਪੈਦਾ ਹੁੰਦਾ ਹੈ, ਗਊ ਤੇ ਪੈਣ ਨਾਲ ਗਊ ਲੋਚਨ ਪੈਦਾ ਹੁੰਦਾ ਹੈ। ਉਹੀ ਸ੍ਵਾਂਤੀ ਬੂੰਦ ਸੱਪ ਤੇ ਪੈ ਜਾਵੇ ਤਾਂ ਉਸ ਦੀ ਜ਼ਹਿਰ ਵਿੱਚ ਵਾਧਾ ਹੁੰਦਾ ਹੈ, ਗਿੱਦੜ ਤੇ ਪੈ ਜਾਵੇ ਤਾਂ ਹਲਕ ਜਾਂਦਾ ਹੈ। ਇਸੇ ਤਰ੍ਹਾਂ ਵਿਦਿਆ ਦਾ ਅਨ-ਅਧਿਕਾਰੀ ਲਈ ਖੰਡਨ ਹੈ। ਅਧਿਕਾਰੀ ਲਈ ਕੋਈ ਖੰਡਨ ਨਹੀਂ ਹੈ। ਅਧਿਕਾਰੀ ਦੇ ਹਿਰਦੇ ਵਿਚੋਂ ਵਿਦਿਆ ਵਿਕਾਰਾਂ ਦਾ ਨਾਸ ਕਰਦੀ ਹੈ ਪਰ ਅਨ-ਅਧਿਕਾਰੀ ਦੇ ਹਿਰਦੇ ਵਿੱਚ ਵਿਕਾਰਾਂ ਦਾ ਨਿਵਾਸ ਹੋ ਜਾਂਦਾ ਹੈ। ਪੰਡਿਤ ਹਰਦਿਆਲ ਜੀ ਸਾਰੁਕੁਤਾਵਲੀ ਵਿੱਚ ਫੁਰਮਾਨ ਕਰਦੇ ਹਨ :—

ਯਥਾ— **ਇਹ ਵੇਦ ਕੋ ਗਿਆਨੁ ਸੁ ਜਾਨਨ ਕੇ, ਅਭਿਮਾਨ ਮਦਾਦਿ ਵਿਕਾਰ ਵਿਨਾਸੇ॥**
**ਪੁਨ ਕੇਚਿਤ ਨੀਚਨ ਕੋ ਵਹੁ ਬੋਧ, ਮਦੈ ਅਭਿਮਾਨ ਵਿਕਾਰ ਨਿਵਾਸੇ॥**
**ਅਚ ਅੰਮ੍ਰਿਤ ਜਾਸ ਹਲਾਹਲ ਹ੍ਵੈ ਨਹਿ ਔਖਧ ਵੈਦ ਨਹੀਂ ਕਛੁ ਤਾਸੇ॥**
**ਜਨ ਪਾਤ੍ਰ ਕੁਪਾਤ੍ਰ ਕੋ ਸੋਧ ਕੈ ਬੋਧ ਕਰੇ, ਬੁਧਿਵਾਨ ਜੋ ਬੁਧਿ ਪ੍ਰਕਾਸੇ॥੧॥**

[ਸਾਰਕੁਤਾਵਲੀ ਅਧਿ: ੩]

ਕਬੀਰ ਸਾਹਿਬ ਜੀ ਪੰਡਿਤ ਨੂੰ ਜਿਸ ਦਾ ਹਿਰਦਾ ਨਾਮ ਤੋਂ ਖਾਲੀ ਸੀ ਨਾਮ ਦਾ ਉਪਦੇਸ਼ ਦਿੰਦੇ ਹੋਏ ਕਹਿ ਰਹੇ ਹਨ :—

## *ਹਰਿ ਕਾ ਨਾਮੁ ਨ ਜਪਸਿ ਗਵਾਰਾ ॥*

ਹੇ ਗਵਾਰਾ=ਮੂਰਖ ਤੂੰ ਉਸ ਹਰਿ=ਵਾਹਿਗੁਰੂ ਦੇ ਨਾਮ ਨੂੰ ਕਿਉਂ ਨਹੀਂ ਜਪਸਿ=ਜਪਦਾ।

## *ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥*

ਬਾਰੰਬਾਰਾ=ਮੁੜ-ਮੁੜ ਕੇ ਕੀ ਹੋਰ ਸੋਚਾਂ ਨੂੰ ਸੋਚਦਾ ਹੈਂ ਅਥਵਾ ਬਾਰੰਬਾਰ ਮਾਇਆ ਦੀ ਪ੍ਰਾਪਤੀ ਬਾਰੇ ਹੀ ਕਿਉਂ ਸੋਚਦਾ ਹੈਂ। ਬ੍ਰਹਮ ਵਿਦਿਆ ਤਾਂ ਨਾਮ ਦੀ ਪ੍ਰਾਪਤੀ ਵਿੱਚ ਸਹਾਇਕ ਹੋਣੀ ਸੀ ਪਰ ਤੂੰ ਮਾਇਆ ਦੀ ਪ੍ਰਾਪਤੀ ਵਿੱਚ ਸਹਾਇਕ ਮੰਨੀ ਬੈਠਾ ਹੈਂ।

ਯਥਾ— **ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥** [ਮਾਰੂ ਕਬੀਰ ਜੀ ਅੰਗ ੧੧੦੩]

ਇਸ ਤਰ੍ਹਾਂ ਜੋ ਮਾਇਆ ਦੀ ਪ੍ਰਾਪਤੀ ਵਾਸਤੇ ਵਿਦਿਆ ਨੂੰ ਵਰਤਦੇ ਹਨ ਉਹਨਾਂ ਦਾ ਜਨਮ ਬਿਅਰਥ ਚਲਾ ਜਾਂਦਾ ਹੈ। ਹੁਣ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ :—

PDF created with pdfFactory Pro trial version www.pdffactory.com

## ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥

ਜਿਸ ਤਰ੍ਹਾਂ ਅੰਧੇਰੇ ਵਿੱਚ ਦੀਪਕੁ=ਦੀਵੇ ਦਾ ਚਾਨਣਾ ਹੋਣਾ ਚਾਹੀਦਾ ਹੈ ਤਾਂ ਹੀ ਕੋਈ ਇਕ ਬਸਤੁ=ਚੀਜ਼, ਅਗੋਚਰ=ਛਿਪੀ ਹੋਈ ਲਹੀਐ=ਪ੍ਰਾਪਤ ਹੁੰਦੀ ਹੈ। ਅੰਧਕਾਰ ਦੇ ਕਾਰਨ ਆਪਣੀ ਹੀ ਵਸਤੂ ਆਪਣੇ ਹੀ ਘਰ ਵਿਚੋਂ ਪ੍ਰਾਪਤ ਨਹੀਂ ਹੁੰਦੀ। ਪ੍ਰਾਪਤ ਹੋਣੀ ਤਾਂ ਇਕ ਪਾਸੇ ਰਹੀ ਅੰਧੇਰੇ ਕਾਰਨ ਮੂੰਹ ਮੱਥਾ ਫੁੱਟਦਾ ਹੈ। ਅੰਧੇਰੇ ਵਿੱਚ ਕਿਸੇ ਨੂੰ ਭੀ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਯਥਾ— **ਅੰਧਕਾਰ ਸੁਖਿ ਕਬਹਿ ਨ ਸੋਈ ਹੈ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ॥**
[ਗਉੜੀ ਕਬੀਰ ਜੀ, ਅੰਗ ੩੨੫]

## ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥

ਜਦੋਂ ਅਗੋਚਰ=ਛਿਪੀ ਹੋਈ ਵਸਤੂ ਘਰ ਵਿਚੋਂ ਪ੍ਰਾਪਤ ਹੋ ਜਾਵੇ ਤਾਂ ਦੀਵੇ ਦੀ ਲੋਅ ਭਾਵੇਂ ਘਟ ਹੋ ਜਾਵੇ ਜਾਂ ਦੀਵਾ ਬਿਲਕੁਲ ਸਮਾਈ=ਬੁਝ ਜਾਵੇ ਫਿਰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਜੋ ਕੁਝ ਪ੍ਰਾਪਤ ਹੋਣਾ ਸੀ ਹੋ ਗਿਆ।

ਇਸ ਤਰ੍ਹਾਂ ਅਗਿਆਨ ਰੂਪ ਅੰਧੇਰੇ ਵਿੱਚ ਗਿਆਨ ਦਾ ਦੀਵਾ ਜ਼ਰੂਰ ਚਾਹੀਦਾ ਹੈ ਤਾਂ ਅਗੋਚਰ=ਛਿਪੀ ਹੋਈ ਆਤਮਾ ਰੂਪ ਵਸਤੂ ਪ੍ਰਾਪਤ ਹੁੰਦੀ ਹੈ।

ਯਥਾ— **ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥** [ਵਾਰ ਸੂਹੀ ਮਹਲਾ ੧, ਅੰਗ ੭੯੧]

ਗਿਆਨ ਦਾ ਦੀਵਾ ਬਾਲਣ ਲਈ ਨਾਮ ਅਭਿਆਸ ਅੰਗੀਕਾਰ ਕੀਤਾ ਹੈ। ਜਿਹੜਾ ਗਿਆਨ ਨਾਮ ਅਭਿਆਸ ਤੋਂ ਪ੍ਰਾਪਤ ਹੁੰਦਾ ਉਹੀ ਮੁਕਤੀ ਦਾ ਹੇਤੂ ਹੈ। ਕੇਵਲ ਗ੍ਰੰਥਾਂ ਤੋਂ ਪ੍ਰਾਪਤ ਗਿਆਨ ਕਈ ਵਾਰ ਅਭਿਮਾਨ ਦਾ ਹੇਤ [ਕਾਰਣ] ਬਣ ਜਾਂਦਾ ਹੈ। ਜਦੋਂ ਆਤਮ ਰੂਪ ਵਸਤੂ ਅਗੋਚਰ=ਛਿਪੀ ਹੋਈ ਪਾਈ=ਪ੍ਰਾਪਤ ਹੋ ਗਈ ਫਿਰ ਘਟਿ= ਅੰਤਸ਼ਕਰਨ ਵਿਚੋਂ ਗਿਆਨ ਰੂਪੀ ਦੀਵਾ ਬੁਝ ਵੀ ਜਾਵੇ ਤਾਂ ਵੀ ਪ੍ਰਵਾਹ ਨਹੀਂ। ਵਾ :—ਜਿਨ੍ਹਾਂ ਦੇ ਘਟਿ=ਹਿਰਦੇ ਵਿੱਚ ਗਿਆਨ ਰੂਪੀ ਦੀਵਾ ਜਗ ਰਿਹਾ ਉਨ੍ਹਾਂ ਨੇ ਆਤਮਾ ਰੂਪੀ ਵਸਤੂ ਪ੍ਰਾਪਤ ਕੀਤੀ ਹੈ।

## ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥

ਕਬੀਰ ਜੀ ਕਹਿੰਦੇ ਹਨ ਕਿ ਹੁਣ ਅਸੀਂ ਇਹ ਭੇਦ ਜਾਣ ਲਿਆ ਹੈ। ਜਦ ਤੋਂ ਜਾਣਿਆ ਹੈ, ਤਦ ਤੋਂ ਮਨ ਪ੍ਰਮਾਤਮਾ ਦੀ ਮਨੌਤ ਵਿੱਚ ਮੰਨ ਗਿਆ ਹੈ ਅਥਵਾ ਜਦ ਤੋਂ ਆਪਣੇ ਆਤਮਕ ਸਰੂਪ ਨੂੰ ਜਾਣ ਲਿਆ ਤਦ ਤੋਂ ਮਨ ਨੇ ਵਿਕਾਰਾਂ ਵਿੱਚ ਨਾ ਜਾਣਾ ਮੰਨ ਲਿਆ ਹੈ।

ਤਾਂ ਉਸ ਪੰਡਤ ਜਿਸ ਦੀ ਖੁਸ਼ਕ ਵਿਦਿਆ ਨੂੰ ਕਬੀਰ ਸਾਹਿਬ ਨੇ ਖੰਡਿਆ ਸੀ, ਨੇ ਕਿਹਾ ਕਿ ਤੁਹਾਡਾ ਮਨ ਤਾਂ ਭਾਵੇਂ ਮੰਨ ਗਿਆ ਪਰ ਅਨਪੜ੍ਹ ਦੇ ਉਪਦੇਸ਼ ਤੇ ਲੋਕ ਭਰੋਸਾ ਨਹੀਂ ਕਰਦੇ, ਇਸ ਲਈ ਤੁਸੀਂ ਜ਼ਰੂਰ ਪੜ੍ਹੋ ਤਾਂ ਕਬੀਰ ਸਾਹਿਬ ਆਪਣੇ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਕਰਨੀ ਪ੍ਰਧਾਨ ਹੈ ਕਥਨੀ ਨਹੀਂ ਅਥਵਾ ਕਰਨੀ ਵਾਲੀ ਕਥਨੀ ਪ੍ਰਵਾਣਨੀਕ ਹੈ ਜੇ ਲੋਕ ਨਹੀਂ ਮੰਨਦੇ ਤਾਂ ਮੈਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ।

## ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥

ਜਿਸ ਦਾ ਮਨ ਵਾਹਿਗੁਰੂ ਜੀ ਦੀ ਭਗਤੀ ਵਿੱਚ ਮੰਨ ਜਾਵੇ ਲੋਕ ਉਸ ਤੇ ਨ ਪਤੀਜੈ=ਭਰੋਸਾ ਨਹੀਂ ਕਰਦੇ ਜੇਕਰ ਲੋਕ ਨ ਪਤੀਜੈ=ਭਰੋਸਾ ਨਹੀਂ ਕਰਦੇ ਤਾਂ ਅਸੀਂ ਵੀ ਲੋਕਾਂ ਦੀ ਪ੍ਰਵਾਹ ਕੀ ਕਰਨੀ ਹੈ ਅਥਵਾ ਜੇ ਲੋਕ ਸਾਡਾ ਕਿਹਾ ਮੰਨਦੇ ਤਾਂ ਸਾਡਾ ਕੁਝ ਨਹੀਂ ਵਿਗੜਦਾ ਸਗੋਂ ਆਪ ਹੀ ਉਹ ਦੁਖ ਪਾਉਣਗੇ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੭੯ [ਆਦਿ ਅੰਗ ੬੫੭]

***ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥ ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥ ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥ ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥ ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥***

ਇਹ ਮੁਖਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੫੭ ਅੰਗ ਤੇ ਅੰਕਿਤ ਹੈ। ਇਸ ਦੇ ਸ਼ੁਰੂ ਵਿੱਚ ਵਸਤੂ ਨਿਰਦੇਸ਼ਕ ਮੰਗਲ ਹੈ। ਇਹ ਸ਼ਬਦ ਸੋਰਠਿ ਰਾਗਣੀ ਵਿੱਚ ਭਗਤ ਰਵਿਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ। ੧=ਅਦੁਤੀ ਓ=ਸਰਬ ਦਾ ਪ੍ਰਕਾਸ਼ ਰੂਪ ਸਤਿ=ਨਾਸ ਤੋਂ ਰਹਿਤ ਗੁਰ=ਚੇਤਨ ਸਰੂਪ। ਪ੍ਰਸਾਦਿ=ਅਨੰਦ ਸਰੂਪ

**ਉਥਾਨਕਾ—**ਭਗਤੀ ਦੇ ਪ੍ਰਤਾਪ ਤੋਂ ਖੁਸ਼ ਹੋ ਕਰਕੇ ਭਗਵਾਨ ਭਗਤ ਰਵਿਦਾਸ ਜੀ ਨੂੰ ਦਰਸ਼ਨ ਦੇਣ ਲਈ ਪ੍ਰਤੱਖ ਹੋ ਗਏ। ਭਗਤ ਰਵਿਦਾਸ ਜੀ ਬੜੇ ਪ੍ਰਸੰਨ ਚਿੱਤ ਹੋਏ। ਅਨੰਦ ਵਿੱਚ ਨਿਮਗਨ ਹੋ ਕੇ, ਪ੍ਰੇਮ ਵਿੱਚ ਇਤਨੇ ਬੇਵਸ ਹੋਏ ਕਿ ਭਗਵਾਨ ਜੀ ਦੇ ਚਰਨ ਛੂਹਣ ਲਈ ਦੌੜ ਕੇ ਤੇਜੀ ਨਾਲ ਅਗੇ ਵੱਧ ਕੇ ਨਮਸ਼ਕਾਰ ਕਰਨ ਲਗੇ ਤਾਂ ਭਗਵਾਨ ਜੀ ਉਤਨੀ ਤੇਜੀ ਨਾਲ ਹੀ ਪਿਛੇ ਹਟ ਗਏ। ਭਗਤ ਜੀ ਨੂੰ ਚਰਨ ਨਹੀਂ ਛੂਹਣ ਦਿੱਤੇ। ਜਦੋਂ ਭਗਤ ਜੀ ਦੇ ਚਰਨ ਹੱਥ ਨਹੀਂ ਆਏ ਤਾਂ ਹੈਰਾਨ ਪ੍ਰੇਸ਼ਾਨ ਹੋ ਕੇ ਪੁਛਿਆ ਕਿ ਭਗਵਾਨ! ਇਤਨਾ ਇੰਤਜ਼ਾਰ ਕਰਨ ਤੋਂ ਬਾਅਦ ਆਪ ਜੀ ਦੇ ਦਰਸ਼ਨ ਹੋਏ ਤੇ ਆਪ ਜੀ ਨੇ ਮੈਨੂੰ ਚਰਨ ਸਪਰਸ਼ ਨਹੀਂ ਕਰਨ ਦਿੱਤੇ ਮੇਰਾ ਕਸੂਰ ਕੀ ਹੈ ਕਿਸ ਗੱਲ ਦੀ ਸਜ਼ਾ ਦੇ ਰਹੇ ਹੋ। ਜਿਤਨੀ ਦੇਰ ਤੁਸੀ ਪ੍ਰਤੱਖ ਨਹੀਂ ਸੀ ਹੋਏ ਉਤਨਾ ਚਿਰ ਤੁਹਾਡੀ ਉਡੀਕ ਵਿੱਚ ਸਮਾ ਸੌਖਾ ਲੰਘ ਗਿਆ ਸੀ ਕਿ ਭਗਵਾਨ ਜੀ ਆਉਣਗੇ ਪਰ ਹੁਣ ਇਕ-ਇਕ ਛਿਨ ਵੀ ਮੇਰੇ ਲਈ ਜੁਗਾਂ ਦੇ ਸਮਾਨ ਹੈ ਕਿ ਤੁਸੀਂ ਸਾਹਮਣੇ ਖੜੇ ਹੋ ਪਰ ਮੈਨੂੰ ਚਰਨੀਂ ਹੱਥ ਨਹੀਂ ਲਾਉਣ ਦਿੰਦੇ।

ਯਥਾ— **ਚਾਰਿ ਪਹਰ ਚਹੁ ਜੁਗਹ ਸਮਾਨੇ ॥** [ਆਸਾ ਮਹਲਾ ੫, ਅੰਗ ੩੭੫]

ਤਾਂ ਭਗਵਾਨ ਜੀ ਨੇ ਹੱਸ ਕੇ ਉੱਤਰ ਦਿੱਤਾ। ਜਿਸ ਉੱਤਰ ਵਿੱਚ ਬ੍ਰਾਹਮਣ ਦੇ ਪਾਏ ਹੋਇ ਭੁਲੇਖੇ, ਜਾਤੀ ਪਾਤੀ ਦਾ ਵਿਤਕਰਾ। ਜੋ ਭਗਤ ਰਵਿਦਾਸ ਜੀ ਦੇ ਸਮੇਂ ਜੋਰਾਂ ਤੇ ਸੀ। ਇਸ ਜਾਤੀ ਵਿਤਕਰੇ ਨੂੰ ਖਤਮ ਕਰਨ ਲਈ ਭਗਵਾਨ ਜੀ ਨੇ ਇਥੇ ਇਕ ਐਸਾ ਕੌਤਕ ਕੀਤਾ ਤੇ ਕਹਿਣ ਲੱਗੇ ਰਵਿਦਾਸ! ਤੂੰ ਚਮਾਰ ਹੈਂ, ਜੇ ਤੂੰ ਮੇਰੇ ਚਰਨ ਸਪਰਸ਼ ਕੀਤੇ ਤਾਂ ਮੈਂ ਭਿਟਿਆ ਜਾਵਾਂਗਾ। ਇਸ ਲਈ ਪਿਛੇ ਹਟਿਆ ਹਾਂ। ਇਹ ਬਚਨ ਭਗਵਾਨ ਜੀ ਨੇ ਕੌਤਕ ਨਮਿਤ ਹੀ ਕਹੇ। ਇਹ ਬਚਨ ਸੁਣ ਕੇ ਉੱਤਰ ਵਿੱਚ ਰਵਿਦਾਸ ਜੀ ਨੇ ਇਹ ਅੰਮ੍ਰਿਤ ਬਚਨ ਉਚਾਰਿਆ। ਜਿਸ ਦਾ ਅਰਥ ਰਹਾਉ ਵਾਲੀ ਤੁਕ ਤੋਂ ਸ਼ੁਰੂ ਹੁੰਦਾ ਹੈ।

## ***ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥<br>ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥***

ਹੇ ਮਾਧਵੇ=ਮਾ=ਮਾਇਆ, ਧਵ=ਆਸਰਾ, ਪਤੀ ਭਾਵ ਹੇ ਮਾਇਆਪਤੀ! ਆਪ ਜੀ ਨੇ ਜੋ ਇਹ ਬਚਨ ਕੀਤਾ ਹੈ ਕਿ ਸਪਰਸ਼ ਕਰਨ ਲਈ ਭਿਟ ਚੜ੍ਹ ਜਾਵੇਗੀ ਇਹ ਤਾਂ ਆਮ ਸੰਸਾਰੀ ਜੋ ਭਰਮ ਦੇ ਅੰਧੇਰੇ ਵਿੱਚ ਹਨ ਉਨ੍ਹਾਂ ਦੀ ਭਾਸ਼ਾ ਹੈ, ਆਪ ਅਜਿਹਾ ਭਰਮ ਵਾਲਾ ਸ਼ਬਦ ਕਿਉਂ ਕਹਿ ਰਹੇ ਹੋ ਤਾਂ ਭਗਵਾਨ ਜੀ ਨੇ ਕਿਹਾ ਭ੍ਰਮੁ

PDF created with pdfFactory Pro trial version www.pdffactory.com

ਬਾਰੇ ਜਾਣਦਾ ਹੈਂ, ਭ੍ਰਮ ਕੀ ਹੈ, ਇਸ ਦਾ ਸਰੂਪ ਕੀ ਹੈ ? ਤਾਂ ਰਵਿਦਾਸ ਜੀ ਨੇ ਕਿਹਾ **ਜੈਸਾ ਮਾਨੀਐ ਹੋਇ ਨ ਤੈਸਾ**=ਜੈਸਾ ਕਿਸੇ ਵਸਤੂ ਨੂੰ ਮੰਨਿਆ ਹੋਵੈ ਉਹੋ ਜਿਹੀ ਨਾ ਹੋਵੇ ਉਸ ਤੋਂ ਉਲਟ ਹੋਵੇ, ਪਰਤੀਤ ਕੁਝ ਹੋਰ ਹੋਵੇ ਤੇ ਅਸਲੀਅਤ ਕੁਝ ਹੋਰ ਹੋਵੇ ਸੋ ਭ੍ਰਮ ਕਹੀਦਾ ਹੈ ਅਸਲੀਅਤ ਤੋਂ ਉਲਟ ਦਾ ਨਾਮ ਭਰਮ ਹੈ। ਇਹ ਤੁਸੀਂ ਮੈਨੂੰ ਭਰਮ ਕਿਉਂ ਪਾ ਰਹੇ ਹੋ ਜਦੋਂ ਕਿ ਮੈਂ ਤੁਹਾਨੂੰ ਆਰਾਧ ਕੇ ਤੁਹਾਡਾ ਹੀ ਰੂਪ ਹੋ ਚੁੱਕਾ ਹਾਂ। ਜਿਤਨੀ ਦੇਰ ਤੱਕ ਮੇਰੇ ਵਿੱਚ ਭਰਮ ਕਰਕੇ ਹੰਗਤਾ ਸੀ ਉਤਨੀ ਦੇਰ ਤੱਕ ਤਾਂ ਤੁਹਾਡਾ ਮਿਲਾਪ ਹੀ ਨਹੀਂ ਹੋ ਸਕਦਾ ਸੀ। ਜੈਸਾ ਅਗਿਆਨ ਕਾਲ ਵਿੱਚ ਮੰਨੀ ਬੈਠੇ ਸੀ ਵੈਸਾ ਹੁਣ ਗਿਆਨ ਕਾਲ ਵਿੱਚ ਨਹੀਂ ਹੈ।

## ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥

ਹੇ ਭਗਵਾਨ! ਜਬ=ਜਦੋਂ ਤੱਕ ਹਮ=ਮੇਰੇ ਵਿੱਚ ਵਾ-ਹਮ=ਹੰਗਤਾ ਆਦਿ ਵਿਕਾਰ ਸਨ ਉਦੋਂ ਤੱਕ ਆਪ ਪ੍ਰਾਪਤ ਨਹੀਂ ਸੀ। ਹੁਣ ਗਿਆਨ ਅਵਸਥਾ ਵਿੱਚ ਤੁਸੀਂ ਪ੍ਰਾਪਤ ਹੋਏ ਹੋ ਤਾਂ ਮੇਰੇ ਵਿੱਚ ਹੰਗਤਾ ਮਮਤਾ ਆਦਿ ਵਿਕਾਰ ਨਹੀਂ ਹਨ। ਹੁਣ ਮੈਂ ਆਪ ਨਾਲ ਕਾਰਨ ਕਾਰਜ ਦੀ ਤਰ੍ਹਾਂ ਇੱਕ ਰੂਪ ਹੋ ਗਿਆ ਹਾਂ।

ਯਥਾ— **੧. ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥** [ਵਾਰ ਮਾਰੂ ਮਹਲਾ ੧, ਅੰਗ ੧੦੯੨]

**੨. ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥**
[ਗਉੜੀ ਮਹਲਾ ੧ ਅੰਗ ੨੨੬]

ਭਗਵਾਨ ਜੀ ਨੇ ਬਿਲਾਸ ਲਈ ਕਿਹਾ ਕਿ ਤੂੰ ਅਗਿਆਨੀ ਹੈਂ; ਤਾਂ ਰਵਿਦਾਸ ਜੀ ਨੇ ਕਿਹਾ ਕਿ ਜੇ ਮੈਂ ਅਗਿਆਨੀ ਹਾਂ ਤਾਂ ਆਪ ਜੀ ਦਾ ਆ ਕੇ ਮਿਲਣਾ ਬਿਅਰਥ ਹੈ ਜੇ ਆਪ ਜੀ ਮਿਲੇ ਹੋ ਤਾਂ ਆਪ ਜੀ ਦੇ ਐਸੇ ਬਚਨ ਕਹਿਣੇ ਠੀਕ ਨਹੀਂ ਹਨ। ਭਗਵਾਨ ਨੇ ਕਿਹਾ ਫਿਰ ਤੂੰ ਆਪਣੇ ਆਪ ਨੂੰ ਕੀ ਸਮਝਦਾ ਹੈਂ ਤਾਂ ਭਗਤ ਜੀ ਕਹਿਣ ਲੱਗੇ ਜੋ ਆਪ ਦੇ ਗਿਆਨੀ ਭਗਤ ਆਪਣੇ ਆਪ ਨੂੰ ਨਿਸਚੇ ਕਰਦੇ ਹਨ ਕਿ ਅਸੀਂ ਆਪ ਦੇ ਹੀ ਸਰੂਪ ਹਾਂ ਉਹੀ ਮੈਂ ਨਿਸਚੈ ਕਰਦਾ ਹਾਂ ਹੁਣ ਭਗਤ ਜੀ ਇਸ ਦਾ ਪ੍ਰਮਾਣ ਦਿੰਦੇ ਹਨ :—

## ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥

ਜਿਸ ਤਰ੍ਹਾਂ ਅਨਲ=ਹਵਾ ਅਗਮ=ਗਮਤਾ ਤੋਂ ਰਹਿਤ ਚਲ ਕੇ ਭਾਵ ਪੌਣ ਦੇ ਅਤਿਅੰਤ ਬੇਗ ਨਾਲ ਚੱਲਣ ਤੋਂ ਓਦਧਿ=ਸਮੁੰਦਰ ਦੇ ਜਲ ਵਿੱਚ ਲਹਿਰਾਂ ਹੋ ਜਾਂਦੀਆਂ ਹਨ, ਉਹ ਲਹਿਰਾਂ ਦਾ ਜਲ ਕੇਵਲ ਸਮੁੰਦਰ ਦੇ ਜਲ ਦਾ ਹੀ ਮਇ=ਸਰੂਪ ਹੁੰਦਾ ਹੈ। ਅਨਵੈ :—**ਜੈਸੇ ਓਦਧਿ ਜਲ ਮਾਹੀ ਅਨਲ ਅਗਮ ਲਹਰਿ, ਕੇਵਲ ਜਲ ਮਇ ॥** : ਐਸੇ ਹੀ ਬ੍ਰਹਮ ਰੂਪੀ ਸਮੁੰਦਰ ਵਿੱਚ ਮਾਇਆ ਵਾ=ਵਾਸ਼ਨਾ ਰੂਪ ਉਪਾਧੀ ਕਰਕੇ ਜੀਵ ਪੁਣਾ ਵਾ=ਸੰਸਾਰ ਪੁਣਾ ਰੂਪ ਲਹਿਰਾਂ ਪ੍ਰਤੀਤ ਹੋ ਰਹੀਆਂ ਹਨ ਪਰ ਦਰਅਸਲ ਉਹ ਸ਼ੁਧ ਸਰੂਪ ਬ੍ਰਹਮ ਦਾ ਰੂਪ ਹੀ ਹਨ। ਜਿਵੇਂ ਕਿ ਵਿਚਾਰ ਮਾਲਾ ਵਿੱਚ ਪੰਡਿਤ ਅਨਾਥ ਪੁਰੀ ਜੀ ਫੁਰਮਾਨ ਕਰਦੇ ਹਨ :—

ਯਥਾ— **੧. ਹੌਂ ਅੰਬੋਧ ਅਨੰਤ ਗਤਿ ਪਰਸਿਉ ਚਿਤ ਸਮੀਰ ॥**
**ਬਹੁ ਕਲੋਲ ਤਾ ਮਹਿ ਉਠੀ ਨਾਨਾ ਰੂਪ ਸਰੀਰ ॥੨੧॥**

**੨. ਚਿਤ ਬਾਤ ਭਯੋ ਸਾਂਤਿ ਅਬ ਜੀਵ ਲਹਿਰ ਭਈ ਲੀਨ ॥**
**ਕੇਵਲ ਰੂਪ ਅਨੰਦ ਹੋ ਰਹਿਓ, ਅਸੁਭ ਸੁਭ ਹੀਨ ॥੨॥** [ਵਿਚਾਰ ਮਾਲਾ, ਅਧਿ: ੮]

**੩. ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥** [ਆਸਾ ਨਾਮਦੇਵ ਜੀ, ਅੰਗ ੪੮੫]

**੪. ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥**
[ਸਾਰੰਗ ਨਾਮਦੇਵ ਜੀ, ਅੰਗ ੧੨੫੨]

PDF created with pdfFactory Pro trial version www.pdffactory.com

ਰਵਿਦਾਸ ਜੀ ਕਹਿੰਦੇ ਹਨ ਕਿ ਹੇ ਭਗਵਾਨ ਭਰਮ ਨੇ ਸਾਡੀ ਐਸੀ ਦਸ਼ਾ ਕਰ ਰੱਖੀ ਸੀ ਕਿ ਤੂੰ ਪ੍ਰਾਪਤ ਹੁੰਦਾ ਹੋਇਆ ਭੀ ਅਪ੍ਰਾਪਤ ਰੂਪ ਸੀ ਇਸ ਸਿਧਾਂਤ ਨੂੰ ਲੈ ਕੇ ਅਗਲੀ ਪੰਕਤੀ ਵਿੱਚ ਰਵਿਦਾਸ ਜੀ ਦ੍ਰਿਸ਼ਟਾਤ ਦੇ ਰਹੇ ਹਨ।

## *ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥*

ਜਿਵੇਂ ਕਿ ਇਕ ਨਰਪਤਿ=ਨਰ=ਪੁਰਸ਼ਾਂ ਦਾ ਪਤਿ=ਮਾਲਕ ਭਾਵ ਬਾਦਸ਼ਾਹ ਸਿੰਘਾਸਨ=ਸਿੰਘ+ਆਸਨਿ=ਸ਼ੇਰ ਦੀ ਸ਼ਕਲ ਦਾ ਬਣਿਆ ਹੋਇਆ ਆਸਨ ਭਾਵ ਤਖ਼ਤ ਤੇ ਬੈਠਾ ਹੋਇਆ ਹੀ ਨਿੰਦ੍ਰਾ ਨੂੰ ਪ੍ਰਾਪਤ ਹੋ ਗਿਆ, ਭਾਵ ਸੌਂ ਗਿਆ। ਸੁੱਤੇ ਨੂੰ ਇਕ ਸੁਪਨਾ ਆਇਆ ਜਿਸ ਵਿਚ ਉਹ ਭਿਖਾਰੀ ਹੋਇਆ ਪ੍ਰਤੀਤ ਕਰ ਰਿਹਾ ਹੈ।

## *ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥*

ਜਿਵੇਂ ਉਸਨੇ ਰਾਜ ਦੇ ਅਛਤ=ਹੁੰਦੇ ਹੀ ਰਾਜ ਦੇ ਵਿਛੋੜੇ ਦਾ ਦੁਖ ਪਾਇਆ ਸੀ। ਓਹੀ ਗਤਿ=ਹਾਲਤ ਸਾਡੀ ਹੋਈ ਹੈ [ਅਰਥਾਤ ਅਸੀਂ ਕਦੇ ਭੀ ਤੁਹਾਥੋਂ ਵੱਖਰੇ ਨਹੀਂ ਹਾਂ ਪਰ ਭਰਮ ਕਰਕੇ ਵਿਛੜੇ ਹੋਏ ਦੁਖ ਪਾ ਰਹੇ ਹਾਂ]

**ਸਾਖੀ—**ਪੰਡਤ ਨਿਹਚਲ ਦਾਸ ਜੀ ਨੇ ਵਿਚਾਰ ਸਾਗਰ ਦੇ ਪੰਜਵੇਂ ਤਰੰਗ ਵਿੱਚ ਲਿਖੀ ਹੈ :—

ਇਕ ਅਜਿਹਾ ਬਾਦਸ਼ਾਹ ਸੀ ਜਿਸ ਦਾ ਪ੍ਰਤਾਪ ਇੰਦ੍ਰ ਦੇ ਸਮਾਨ ਛਾਇਆ ਹੋਇਆ ਸੀ। ਵੱਡੇ-ਵੱਡੇ ਸੂਰਮੇ ਚਾਰੇ ਪਾਸੇ ਖੜੇ ਰਹਿੰਦੇ ਸਨ। ਆਪਣੇ-ਆਪਣੇ ਹਥਿਆਰ ਲੈ ਕੇ ਦੁਆਰੇ ਤੇ ਤਿਆਰ-ਬਰ-ਤਿਆਰ ਰਹਿੰਦੇ ਸਨ। ਕ੍ਰਿਪਾਨਾਂ ਮਿਆਨਾਂ ਤੋਂ ਬਾਹਰ ਕੱਢ ਕੇ ਪਹਿਰਾ ਦੇ ਰਹੇ ਸਨ। ਉਚੀ ਅਟਾਰੀ ਵਿਚ ਫੁੱਲਾਂ ਦੀ ਸੇਜਾ ਤੇ ਬਾਦਸ਼ਾਹ ਸੁੱਤਾ ਪਿਆ ਸੀ ਜਿਥੇ ਕੋਈ ਪੰਛੀ ਵੀ ਨਹੀਂ ਪਹੁੰਚ ਸਕਦਾ ਸੀ ਮਨੁੱਖ ਦੀ ਤਾਂ ਗੱਲ ਹੀ ਕੀ ਹੈ। ਉਥੇ ਬਾਦਸ਼ਾਹ ਨੇ ਇਕ ਐਸਾ ਸੁਪਨਾ ਦੇਖਿਆ ਕਿ ਮੇਰਾ ਪੈਰ ਇਕ ਗਿਦੜੀ ਨੇ ਪਕੜ ਲਿਆ ਹੈ ਤੇ ਬਾਦਸ਼ਾਹ ਨੇ ਆਪਣੇ ਪੈਰ ਨੂੰ ਗਿਦੜੀ ਤੋਂ ਛੁਡਾਉਣਾ ਚਾਹਿਆ ਪਰ ਗਿਦੜੀ ਨੇ ਛੱਡਿਆ ਨਹੀਂ। ਰਾਜੇ ਨੇ ਖੜੋ ਕੇ ਪੁਕਾਰ ਕੀਤੀ ਕਿ ਕੋਈ ਹੈ ਐਸਾ ਜੋ ਗਿਦੜੀ ਨੂੰ ਮਾਰੇ। ਜੋ ਸੂਰਮੇ ਦੁਆਰੇ ਤੇ ਖੜੇ ਸਨ ਉਨ੍ਹਾਂ ਵਿਚੋਂ ਕਿਸੇ ਨੇ ਮਦਦ ਨਹੀਂ ਕੀਤੀ ਤਾਂ ਬਾਦਸ਼ਾਹ ਨੇ ਆਪਣੇ ਹੱਥ ਵਿਚ ਡੰਡਾ ਲੈ ਕੇ ਆਪ ਹੀ ਗਿਦੜੀ ਦੇ ਸਿਰ ਵਿੱਚ ਮਾਰਿਆ। ਡੰਡਾ ਲਗਦੇ ਹੀ ਗਿਦੜੀ ਮ੍ਰਿਤੂ ਨੂੰ ਪ੍ਰਾਪਤ ਹੋ ਗਈ ਤਾਂ ਪੈਰ ਦੀ ਨਸ ਵਿਚੋਂ ਦੰਦ ਨਿਕਲੇ, ਦੰਦ ਡੂੰਘੇ ਲੱਗੇ ਸਨ ਜਿਸ ਕਰਕੇ ਰਾਜਾ ਲੰਗੜਾਉਂਦਾ ਹੋਇਆ ਸੋਟੀ ਦੇ ਸਹਾਰੇ ਵੈਦ ਦੇ ਘਰ ਪਹੁੰਚਿਆ ਤੇ ਵੈਦ ਨੂੰ ਕਿਹਾ ਮੇਰੇ ਜ਼ਖਮ ਵਾਸਤੇ ਇਕ ਫੋਹਾ [ਜੋ ਵੈਦ ਪੁਰਾਣੇ ਸਮੇਂ ਵਿਚ ਤਿਆਰ ਕਰਦੇ ਸਨ ਜ਼ਖਮ ਵਾਸਤੇ] ਤਿਆਰ ਕਰੋ ਤਾਂ ਜੋ ਮੇਰਾ ਘਾਵ ਠੀਕ ਹੋ ਜਾਵੇ ਤਾਂ ਵੈਦ ਨੇ ਕਿਹਾ ਕਿ ਫੋਹਾ ਤਿਆਰ ਨਹੀਂ ਹੈ ਇਕ ਪੈਸਾ ਮੈਨੂੰ ਦੇ ਦੇਵੋ ਤਾਂ ਮੈ ਫੋਹਾ ਤਿਆਰ ਕਰਕੇ ਦੇ ਦਿੰਦਾ ਹਾਂ; ਤਾਂ ਬਾਂਦਸ਼ਾਹ ਸੋਟੀ ਦੇ ਸਹਾਰੇ ਉਠਿਆ ਜਿਸ ਕੋਲ ਦੇਣ ਵਾਸਤੇ ਇਕ ਕੌਡੀ ਵੀ ਨਹੀਂ ਸੀ ਹੌਕਾ ਲੈ ਕੇ ਬੇਵਸ ਹੋ ਕੇ ਕਿਹਾ ਕਿ ਧਨ ਤੋਂ ਬਿਨਾਂ ਕਿਸੇ ਦੀ ਕੌਣ ਬਾਤ ਪੁੱਛਦਾ ਹੈ ਜੇ ਮੈਂ ਧਨੀ ਹੁੰਦਾ ਤਾਂ ਵੈਦ ਆਪ ਚਲ ਕੇ ਮੇਰੇ ਘਰ ਆਉਂਦਾ ਮੈਨੂੰ ਨਿਕੰਮਾ ਕੰਗਾਲ ਜਾਣ ਕੇ ਟਾਲ ਦਿੱਤਾ। ਇਸ ਲਈ ਕਿਸੇ ਨੂੰ ਦੋਸ਼ ਨਹੀਂ, ਬਿਨਾਂ ਸੁਆਰਥ ਤੋਂ ਕੋਈ ਕਿਸੇ ਦੇ ਕੰਮ ਨਹੀਂ ਆਉਂਦਾ। ਮਾਤਾ ਪਿਤਾ ਸਬੰਧੀ ਪੁੱਤਰ ਇਸਤਰੀ ਇਹ ਸਭ ਸੁਆਰਥ ਕਰਕੇ ਹੀ ਪਿਆਰ ਕਰਦੇ ਹਨ। ਸੁਆਰਥ ਤੋਂ ਬਿਨਾਂ ਦੇਖਣਾ ਵੀ ਨਹੀਂ ਚਾਹੁੰਦੇ। ਜਿਸ ਬੱਚੇ ਨੂੰ ਮਾਤਾ ਪਿਤਾ ਗੋਦ ਵਿਚ ਲੈ ਕੇ ਪਿਆਰ ਕਰਦੇ ਹਨ ਭਰਾ ਜੱਫੀਆਂ ਪਾ ਕੇ ਪਿਆਰ ਕਰਦੇ ਹਨ। ਅਗਰ ਉਸਨੂੰ ਕੋਹੜ ਹੋ ਜਾਵੇ ਤਾਂ ਉਸ ਪਾਸੇ ਵੱਲੋਂ ਆਉਂਦੀ ਹਵਾ ਤੋਂ ਵੀ ਸੰਕੋਚ ਕਰਦੇ ਹਨ ਕਿ ਕਿਤੇ ਸਾਨੂੰ ਬਿਮਾਰੀ ਨਾ ਲੱਗ ਜਾਵੇ।

ਯਥਾ— **ਐਸੇ ਜਗ ਸ੍ਵਾਰਥ ਕੋ ਸਾਰੋ ॥ ਬਿਨ ਸ੍ਵਾਰਥ ਕੋ ਕਾ ਕੋ ਪਿਆਰੋ ॥**

[ਵਿਚਾਰ ਸਾਗਰ ਤਰੰਗ ੫, ਸਲੋਕ ੧੪੫]

ਇਉਂ ਚਿੰਤਾਤੁਰ ਹੋਏ ਨੂੰ ਮੁਨੀਵਰ ਦਾ ਦਰਸ਼ਨ ਹੋਇਆ ਜਿਸ ਨੇ ਇਸ ਤੇ ਤਰਸ ਕਰਕੇ ਇਕ ਬੂਟੀ ਨਾਲ

PDF created with pdfFactory Pro trial version www.pdffactory.com

ਘਾਵ ਦਾ ਦੁੱਖ ਮੇਟ ਦਿੱਤਾ ਜਦੋਂ ਨਿੰਦ੍ਰਾ ਤੋਂ ਜਾਗਿਆ ਤਾਂ ਨਾ ਘਾਵ ਨਾ ਦਰਦ ਨਾ ਮੁਨੀ ਕੁਝ ਵੀ ਨਹੀਂ ਸੀ।

**ਯੌਂ ਚਿੰਤਤ ਇਕ ਮੁਨਿ ਤਿੰਹਿ ਭੇਟਯੋ ॥**
**ਤਿਨ ਦੈ ਜਰੀ ਦੁਖ ਮੇਟਯੋ ॥**
**ਨਿਦ੍ਰਾ ਤੇ ਜਾਗਯੋ ਨ੍ਰਿਪ ਜਬ ਹੀ ॥**
**ਘਾਵ ਦਰਦ, ਮੁਨਿ ਨਾਸੇ ਤਬਹੀ ॥੧੪੬॥** [ਵਿਚਾਰ ਸਾਗਰ, ਤਰੰਗ ੫]

**ਨੋਟ :—**ਇਸੇ ਪ੍ਰਸੰਗ ਦੀ ਦੂਜੀ ਸਾਖੀ ਰਾਜੇ ਜਨਕ ਦੀ ਨਾਰਾਇਣ ਹਰੀ ਉਪਦੇਸ਼ ਦੇ ਪੰਨਾ : ੧੫੦ ਤੇ ਦੇਖੋ।

ਅੰਤਰੀਵ ਭਾਵ :—ਇਸੇ ਤਰ੍ਹਾਂ ਜੀਵ ਰੂਪ ਬਾਦਸ਼ਾਹ ਅੰਤਸ਼ਕਰਨ ਰੂਪ ਸਿੰਘਾਸਨ ਤੇ ਅਵਿਦਿਆ ਰੂਪ ਨੀਂਦ ਵਿਚ ਸੁੱਤਾ ਹੋਇਆ ਸੰਸਾਰ ਸੁਪਨਾ ਵੇਖ ਰਿਹਾ ਹੈ। ਬਾਦਸ਼ਾਹ ਤੋਂ ਭਿਖਾਰੀ ਬਣਨ ਦੀ ਨਿਆਈਂ ਬ੍ਰਹਮ ਸਰੂਪ ਹੁੰਦਿਆਂ ਵੀ ਆਪਣੇ ਆਪ ਨੂੰ ਕਰਤਾ ਭੋਗਤਾ ਜੰਮਣ ਮਰਨ ਵਾਲਾ ਜੀਵ ਮੰਨੀ ਬੈਠਾ ਹੈ। ਸਰੂਪ ਰਾਜ ਦੇ ਅਛਤ=ਹੁੰਦਿਆਂ ਵੀ ਜੀਵ ਉਸ ਤੋਂ ਵਿਛੜਕੇ ਦੁਖ ਪਾ ਰਿਹਾ ਹੈ। ਹੇ ਭਗਵਾਨ ਇਸ ਤਰ੍ਹਾਂ ਦੀ ਹਾਲਤ ਸਾਡੀ ਹੋ ਰਹੀ ਹੈ।

## *ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥*

ਜਿਸ ਪ੍ਰਕਾਰ ਰਾਜ=ਰਜੂ ਭਾਵ ਰੱਸੀ ਵਿਚ ਭੁਇਅੰਗ=ਸਰਪ ਦਾ ਪ੍ਰਸੰਗ=ਪ੍ਰ=ਵਿਸ਼ੇਸ਼ ਕਰਕੇ ਸੰਗ=ਸਬੰਧ ਮਿਲਿਆ ਹੈ ਅਥਵਾ ਜਿਸ ਤਰ੍ਹਾਂ ਰੱਸੀ ਸੱਪ ਦੀ ਪ੍ਰਸੰਗ=ਵਾਰਤਾ ਕਹੀ ਜਾਂਦੀ ਹੈ। ਸਮਾਨ ਅੰਧਕਾਰ ਵਿੱਚ ਰੱਸੀ ਵਿੱਚ ਸੱਪ ਦਾ ਭਰਮ ਪੈ ਜਾਂਦਾ ਹੈ। ਸਮਾਨ ਅੰਧਕਾਰ ਉਸਨੂੰ ਕਹਿੰਦੇ ਹਨ ਜਦੋਂ ਨਾ ਪੂਰਾ ਚਾਨਣਾ ਹੋਵੇ ਨਾ ਪੂਰਾ ਅੰਧੇਰਾ, ਕਿਉਂਕਿ ਪੂਰੇ ਅੰਧਕਾਰ ਵਿੱਚ ਕੁਝ ਵੀ ਨਹੀਂ ਦਿਸਦਾ ਤੇ ਪੂਰੇ ਚਾਨਣ ਵਿਚ ਰੱਸੀ ਦਾ ਅਸਲੀ ਰੂਪ ਦਿਸਦਾ ਹੈ। ਇਸੇ ਤਰ੍ਹਾਂ ਰੱਸੀ ਦੀ ਨਿਆਈਂ ਬ੍ਰਹਮ ਦੇ ਵਿਚ ਅਗਿਆਨ-ਅਵਿਦਿਆ ਦੇ ਅੰਧਕਾਰ ਕਾਰਨ ਮਿਥਿਆ ਜਗਤ ਸੱਚੇ ਸੱਪ ਦੀ ਨਿਆਈਂ ਪ੍ਰਤੀਤ ਹੋ ਰਿਹਾ ਹੈ। ਜਿਵੇਂ ਰੱਸੀ ਦਾ ਗਿਆਨ ਹੋਣ ਤੋਂ ਸੱਪ ਦਾ ਨਾਸ ਹੋ ਜਾਂਦਾ ਹੈ ਇਸੇ ਤਰ੍ਹਾਂ ਬ੍ਰਹਮ ਦਾ ਗਿਆਨ ਹੋਣ ਤੋਂ ਸੰਸਾਰ ਦਾ ਨਾਸ ਹੋ ਜਾਂਦਾ ਹੈ। ਇਸ ਲਈ ਭਗਤ ਜੀ ਇਥੇ ਕਹਿੰਦੇ ਕਿ ਅਬ=ਹੁਣ ਇਸ ਭਰਮ ਦੀ ਨਵਿਰਤੀ ਦਾ ਮਰਮੁ=ਭੇਦ ਗੁਰੂ ਨੇ ਜਨਾਇਆ=ਜਨਾਉਣਾ ਕੀਤਾ ਹੈ ਹੁਣ ਆਪ ਮੈਨੂੰ ਕਿਉਂ ਭਰਮਾਉਂਦੇ ਹੋ।

## *ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥*

ਜਿਸ ਪ੍ਰਕਾਰ ਕਨਿਕ=ਸੋਨੇ ਦੇ ਅਨਿਕ=ਅਨੇਕਾਂ ਕਟਕ=ਕੜੇ ਤੇ ਹੋਰ ਅਨੇਕਾਂ ਪ੍ਰਕਾਰ ਦੇ ਗਹਿਣੇ ਛਾਪ ਛੱਲੇ ਆਦਿ ਵੇਖ ਕੇ ਮਨੁੱਖ ਭੁੱਲ ਜਾਂਦਾ ਹੈ ਤੇ ਅਸਲੀ ਸੋਨੇ ਨੂੰ ਭੁਲ ਕੇ ਗਹਿਣਿਆਂ ਦੇ ਨਾਮ ਲੈਣਾ ਆਰੰਭ ਕਰ ਦਿੰਦਾ ਹੈ। ਪਰ ਜਿਸ ਵੇਲੇ ਸੁਨਿਆਰਾ ਗਹਿਣਿਆਂ ਨੂੰ ਕੁਠਾਲੀ ਵਿੱਚ ਪਾ ਕੇ ਢਾਲ ਦੇਵੇ ਉਸ ਵੇਲੇ ਕਹੀਏ ਕਿ ਇਹ ਸੋਨਾ ਨਹੀਂ ਹੈ ਤਾਂ ਇਹ ਬਚਨ ਮਿਥਿਆ ਸਿੱਧ ਹੋਵੇਗਾ। ਇਸ ਪ੍ਰਕਾਰ ਭਗਤੀ ਰੂਪ ਕੁਠਾਲੀ ਵਿੱਚ ਪਾ ਕੇ ਜਪ ਤਪ ਰੂਪ ਸੇਕ ਦੇ ਕੇ ਦੇਹ ਅਧਿਆਸ ਨੂੰ ਗਾਲਿਆ ਜਾਵੇ ਫਿਰ ਬ੍ਰਹਮ ਤੋਂ ਵਖਰਾ ਹੋਰ ਕੋਈ ਬਚਨ ਕਹਣੇ ਵਿੱਚ ਨਹੀਂ ਆਉਂਦਾ।

## *ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥*

ਹੇ ਪ੍ਰਮੇਸ਼ਰ ! ਸਾਰੇ ਸੰਸਾਰ ਵਿੱਚ ਕੇਵਲ ਇਕ ਆਪ ਹੀ ਹੋ, ਇਕ ਤੋਂ ਅਨੇਕ ਰੂਪ ਹੋ ਕੇ ਸਾਰਿਆਂ ਘਟਾਂ ਵਿੱਚ ਪਦਾਰਥਾਂ ਨੂੰ ਭੋਗ ਰਹੇ ਹੋ।

PDF created with pdfFactory Pro trial version www.pdffactory.com

## ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥

ਮੁਢ ਵਿੱਚ ਜੋ ਪ੍ਰਸੰਗ ਸ਼ੁਰੂ ਹੋਇਆ ਸੀ ਉਸ ਦੀ ਸਮਾਪਤੀ ਕਰਦੇ ਹੋਏ ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਮੇਸ਼ਰ ਮਨ ਰੂਪੀ ਹੱਥ ਦੇ ਪੈਣ ਨਾਲ ਤੁਸੀਂ ਸਾਡੇ ਨਜ਼ਦੀਕ ਤੋਂ ਨਜ਼ਦੀਕ ਹੋ, ਭਾਵ ਹੱਥਾਂ ਪੈਰਾਂ ਤੋਂ ਵੀ ਨੇੜੇ ਲਗਦੇ ਹੋ ਜੋ ਆਪ ਦੇ ਭਾਣੇ ਵਿੱਚ ਹੁੰਦਾ ਹੈ ਸੋ ਸੁਤੇ ਹੀ ਹੁੰਦਾ ਹੈ। ਭਗਵਾਨ ਜੀ ਸੁਣਕੇ ਪ੍ਰਸੰਨ ਹੋਏ ਭਗਤ ਜੀ ਨੂੰ ਛਾਤੀ ਨਾਲ ਲਾਇਆ ਤੇ ਕਹਿਣ ਲੱਗਾ ਕਿ ਇਹ ਤਾਂ ਮੈਂ ਕੇਵਲ ਬਿਲਾਸ ਲਈ ਹੀ ਕੀਤਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com